# ਧਮਕੀ ਦੇ ਮੁੱਲਾਂਕਣ ਦੇ ਨਿਯਮ – ਉਚਿਤ ਨੋਟਿਸ

(Threat Assessment Protocol – Fair notice)

### ਕਿਹੜੇ ਵਤੀਰਿਆਂ ਕਾਰਨ ਵਿਦਿਆਰਥੀ ਬਾਰੇ ਧਮਕੀ ਦਾ ਮੁੱਲਾਂਕਣ ਸ਼ੁਰੂ ਹੋ ਸਕਦਾ ਹੈ?

ਕਿਸੇ ਵਿਦਿਆਰਥੀ ਬਾਰੇ ਧਮਕੀ ਦਾ ਮੁੱਲਾਂਕਣ ਉਦੋਂ ਸ਼ੁਰੂ ਹੋਵੇਗਾ ਜਦੋਂ ਉਸ ਦੇ ਵਤੀਰਿਆਂ ਵਿੱਚ ਅੱਗੇ ਦਿੱਤੇ ਵਤੀਰੇ ਸ਼ਾਮਲ ਹੋਣ, ਪਰ ਵਤੀਰਿਆਂ ਦੀ ਲਿਸਟ ਇੱਥੋਂ ਤੱਕ ਹੀ ਸੀਮਤ ਨਹੀਂ ਹੈ: ਗੰਭੀਰ ਹਿੰਸਾ ਜਾਂ ਨੁਕਸਾਨ ਪਹੁੰਚਾਉਣ ਜਾਂ ਮਾਰਨ ਦੇ ਇਰਾਦੇ ਨਾਲ ਹਿੰਸਾ, ਦੂਜਿਆਂ ਨੂੰ ਨੁਕਸਾਨ ਪਹੁੰਚਾਉਣ ਜਾਂ ਮਾਰਨ ਲਈ ਜ਼ਬਾਨੀ/ਲਿਖਤੀ ਧਮਕੀਆਂ, ਹਥਿਆਰ (ਨਕਲੀ ਹਥਿਆਰਾਂ ਸਮੇਤ) ਰੱਖਣਾ, ਬੰਬ ਦੀਆਂ ਧਮਕੀਆਂ ਅਤੇ ਅੱਗ ਲਾਉਣਾ।

### ਰਿਪੋਰਟ ਕਰਨ ਦਾ ਫਰਜ਼

ਸਕੂਲ ਦੇ ਭਾਈਚਾਰਿਆਂ ਨੂੰ ਸੁਰੱਖਿਅਤ ਅਤੇ ਖਿਆਲ ਰੱਖਣ ਵਾਲੇ ਰੱਖਣ ਲਈ, ਸਟਾਫ, ਮਾਪਿਆਂ, ਵਿਦਿਆਰਥੀਆਂ ਅਤੇ ਭਾਈਚਾਰੇ ਦੇ ਮੈਂਬਰਾਂ ਲਈ ਜ਼ਰੂਰੀ ਹੈ ਕਿ ਉਹ ਧਮਕੀ ਨਾਲ ਸੰਬੰਧਤ ਸਾਰੇ ਵਤੀਰਿਆਂ ਬਾਰੇ ਰਿਪੋਰਟ ਕਰਨ।

### ਧਮਕੀ ਕੀ ਹੁੰਦੀ ਹੈ?

ਧਮਕੀ ਕਿਸੇ ਵਿਅਕਤੀ ਜਾਂ ਕਿਸੇ ਚੀਜ਼ ਨੂੰ ਨੁਕਸਾਨ ਪਹੁੰਚਾਉਣ ਜਾਂ ਕਿਸੇ ਵਿਅਕਤੀ ਜਾਂ ਚੀਜ਼ ਵਿਰੁੱਧ ਹਿੰਸਕ ਕਾਰਵਾਈ ਕਰਨ ਦੇ ਇਰਾਦੇ ਦਾ ਪ੍ਰਗਟਾਵਾ ਹੁੰਦੀ ਹੈ। ਧਮਕੀਆਂ ਜ਼ਬਾਨੀ, ਲਿਖਤੀ, ਵਾਹੀਆਂ ਤਸਵੀਰਾਂ, ਇੰਟਰਨੈੱਟ 'ਤੇ ਪਾਈਆਂ ਪੋਸਟਾਂ ਅਤੇ ਇਸ਼ਾਰਿਆਂ ਨਾਲ ਦਿੱਤੀਆਂ ਗਈਆਂ ਹੋ ਸਕਦੀਆਂ ਹਨ। ਧਮਕੀਆਂ ਨੂੰ ਗੰਭੀਰਤਾ ਨਾਲ ਲੈਣਾ, ਉਨਾਂ ਦੀ ਜਾਂਚ ਕਰਨਾ ਅਤੇ ਉਨ੍ਹਾਂ ਨਾਲ ਨਿਪਟਣਾ ਜ਼ਰੂਰੀ ਹੈ।

### ਧਮਕੀ ਦਾ ਮੁੱਲਾਂਕਣ ਕਰਨ ਵਾਲੀ ਟੀਮ ਕੀ ਹੈ?

ਹਰੇਕ ਸੁਕਲ ਵਿੱਚ ਧਮਕੀ ਦਾ ਮੁੱਲਾਂਕਣ ਕਰਨ ਵਾਲੀ ਇਕ ਬਹੁ-ਪੱਖੀ ਟੀਮ ਹੁੰਦੀ ਹੈ। ਟੀਮ ਵਿੱਚ ਪ੍ਰਿੰਸੀਪਲ, ਵਾਈਸ ਪ੍ਰਿੰਸੀਪਲ, ਜ਼ਿਲ੍ਹੇ ਦਾ ਰਿਸੋਰਸ ਕਾਊਂਸਲਰ, ਸਕੂਲ ਕਾਊਂਸਲਰ ਅਤੇ ਪੁਲੀਸ ਸ਼ਾਮਲ ਹੋ ਸਕਦੀ ਹੈ।




### ਵਿਦਿਆਰਥੀ ਦੀ ਧਮਕੀ ਦੇ ਮੁੱਲਾਂਕਣ ਦਾ ਕੀ ਮਕਸਦ ਹੈ?

ਕਿਸੇ ਵਿਦਿਆਰਥੀ ਦੀ ਧਮਕੀ ਦੇ ਮੁੱਲਾਂਕਣ ਦੇ ਅੱਗੇ ਦਿੱਤੇ ਮਕਸਦ ਹਨ:

- ਵਿਦਿਆਰਥੀਆਂ, ਸਟਾਫ, ਮਾਪਿਆਂ ਅਤੇ ਹੋਰ ਲੋਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ।
- ਧਮਕੀ ਦੇ ਮੁਕੰਮਲ ਸੰਦਰਭ ਦੀ ਸਮਝ ਨੂੰ ਯਕੀਨੀ ਬਣਾਉਣਾ।
- ਧਮਕੀ ਦੇਣ ਵਾਲੇ ਦੇ ਵਤੀਰੇ ਵਿੱਚ ਯੋਗਦਾਨ ਪਾਉਣ ਵਾਲੇ ਕਾਰਨਾਂ ਨੂੰ ਸਮਝਣਾ।
- ਧਮਕੀ ਦੇਣ ਵਾਲੇ ਦੀ ਜਜ਼ਬਾਤੀ ਅਤੇ ਸਰੀਰਕ ਸੁਰੱਖਿਆ ਨਾਲ ਨਜਿੱਠਣ ਲਈ ਦਖਲਅੰਦਾਜ਼ੀ ਤਿਆਰ ਕਰਨ ਲਈ ਪਹਿਲਕਦਮੀ ਕਰਨਾ।
- ਸਾਰਿਆਂ ਦੀ ਜਜ਼ਬਾਤੀ ਅਤੇ ਸਰੀਰਕ ਸੁਰੱਖਿਆ ਨੂੰ ਉਤਸ਼ਾਹਿਤ ਕਰਨਾ।

### ਵਿਦਿਾਰਥੀ ਦੀ ਧਮਕੀ ਦੇ ਮੁੱਲਾਂਕਣ ਦੌਰਾਨ ਕੀ ਹੁੰਦਾ ਹੈ?

ਵਿਦਿਆਰਥੀ ਵੱਲੋਂ ਧਮਕੀ ਦੇਣ ਦੇ ਸਾਰੇ ਵਤੀਰਿਆਂ ਬਾਰੇ ਪ੍ਰਿੰਸੀਪਲ ਕੋਲ ਰਿਪੋਰਟ ਕਰਨੀ ਚਾਹੀਦੀ ਹੈ, ਜਿਹੜਾ ਮੁੱਢਲੇ ਪ੍ਰਤੀਕਰਮ ਦੀ ਕਾਰਵਾਈ ਦੀ ਸ਼ੁਰੂਆਤ ਕਰੇਗਾ। ਟੀਮ ਬਣਾਉਣ ਤੋਂ ਬਾਅਦ ਖਤਰੇ ਦੀ ਪੱਧਰ ਬਾਰੇ ਫੈਸਲਾ ਕਰਨ ਅਤੇ ਘਟਨਾ ਬਾਰੇ ਢੁੱਕਵਾਂ ਕਦਮ ਚੁੱਕਣ ਲਈ ਵਿਦਿਆਰਥੀ/ਵਿਦਿਆਰਥੀਆਂ, ਧਮਕੀ ਦੇਣ ਵਾਲੇ, ਮਾਪਿਆਂ ਅਤੇ ਸਟਾਫ ਨਾਲ ਇੰਟਰਵਿਊਆਂ ਕੀਤੀਆਂ ਜਾ ਸਕਦੀਆਂ ਹਨ। ਦਖਲਅੰਦਾਜ਼ੀ ਦੀਆਂ ਵਿਉਂਤਾਂ ਬਣਾ ਕੇ ਲੋੜ ਮੁਤਾਬਕ ਮਾਪਿਆਂ, ਸਟਾਫ, ਅਤੇ ਵਿਦਿਆਰਥੀਆਂ ਨਾਲ ਸਾਂਝੀਆਂ ਕੀਤੀਆਂ ਜਾਣਗੀਆਂ।

### ਕੀ ਮੈਂ ਧਮਕੀ ਦੇ ਮੁੱਲਾਂਕਣ ਦੀ ਕਾਰਵਾਈ ਵਿੱਚ ਹਿੱਸਾ ਲੈਣ ਤੋਂ ਨਾਂਹ ਕਰ ਸਕਦਾ/ਸਕਦੀ ਹਾਂ?

ਸਾਰੀਆਂ ਧਿਰਾਂ ਲਈ ਇਸ ਕਾਰਵਾਈ ਵਿੱਚ ਹਿੱਸਾ ਲੈਣਾ ਮਹੱਤਵਪੂਰਨ ਹੈ। ਫਿਰ ਵੀ, ਜੇ ਕਿਸੇ ਕਾਰਨ ਧਮਕੀ ਦੇਣ ਵਾਲੇ ਜਾਂ ਮਾਪੇ/ਗਾਰਡੀਅਨ ਵੱਲੋਂ ਕਾਰਵਾਈ ਵਿੱਚ ਹਿੱਸਾ ਲੈਣ ਤੋਂ ਇਨਕਾਰ ਕੀਤਾ ਜਾ ਰਿਹਾ ਹੋਵੇ, ਤਾਂ ਵੀ ਸੁਰੱਖਿਅਤ ਅਤੇ ਖਿਆਲ ਰੱਖਣ ਵਾਲੇ ਵਾਤਾਵਰਨ ਨੂੰ ਉਤਸ਼ਾਹਿਤ ਕਰਨ ਲਈ ਧਮਕੀ ਦੇ ਮੁੱਲਾਂਕਣ ਦੀ ਕਾਰਵਾਈ ਜਾਰੀ ਰਹੇਗੀ